**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਦਿੱਤੇ ਜਾਂਦੇ ਇਸ਼ਤਿਹਾਰਾਂ ਲਈ ਏਜੰਸੀਆਂ ਪਾਸੋਂ ਮੰਗੇ ਟੈਂਡਰਾਂ ਸਬੰਧੀ –**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਆਪਣੇ ਪ੍ਰਬੰਧ ਅਧੀਨ ਚੱਲਦੇ ਕਾਰਜਾਂ ਸਬੰਧੀ ਸਮੇਂ-ਸਮੇਂ ਪ੍ਰਕਾਸ਼ਤ ਕਰਵਾਏ ਜਾਂਦੇ ਇਸ਼ਤਿਹਾਰ ਜਿਵੇਂ ਕਿ ਟੈਂਡਰ ਨੋਟਿਸ, ਲੋੜ ਹੈ, ਉਦਘਾਟਨੀ ਸਮਾਗਮ, ਅੰਮ੍ਰਿਤ-ਸੰਚਾਰ ਸਮਾਗਮ, ਵੱਖ-ਵੱਖ ਗੁਰਪੁਰਬਾਂ ਸਮੇਂ ਹੋਣ ਵਾਲੇ ਸਮਾਗਮ, ਵਾਕ-ਇਨ ਇੰਟਰਵਿਊ, ਅਦਾਲਤ ਵੱਲੋਂ ਸ਼੍ਰੋਮਣੀ ਕਮੇਟੀ ਰਾਹੀਂ ਨੋਟਿਸ ਜਾਂ ਕਿਸੇ ਵੀ ਪ੍ਰਕਾਰ ਦੀ ਕੋਈ ਸੂਚਨਾ ਜਨਤਕ ਕਰਨ ਲਈ ਅਖ਼ਬਾਰਾਂ ਨੂੰ ਕਲਾਸੀਫਾਈਡ ਅਤੇ ਡਿਸਪਲੇ ਇਸ਼ਤਿਹਾਰ ਜਾਰੀ ਕੀਤੇ ਜਾਂਦੇ ਹਨ। ਇਸ਼ਤਿਹਾਰ ਆਦਿ ਛਪਾਉਣ ’ਤੇ ਬਿੱਲ ਪੁਰ ਵੱਧ ਤੋਂ ਵੱਧ ਡਿਸਕਾਊਂਟ ਅਤੇ ਸਪੈਸ਼ਲ ਡਿਸਕਾਊਂਟਡ ਰੇਟਾਂ ਲਈ 'ਇੰਡੀਅਨ ਨਿਊਜ਼ ਪੇਪਰ ਸੁਸਾਇਟੀ' ਦੀਆਂ ਮੈਂਬਰ ਐਡਵਰਟਾਈਜ਼ਿੰਗ ਏਜੰਸੀਆਂ ਤੋਂ ਨਿਮਨ ਹਸਤਾਖਰੀ ਵੱਲੋਂ 15 ਦਿਨਾਂ ਦੇ ਅੰਦਰ-ਅੰਦਰ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ ਜੋ 12 ਵਜੇ ਦੁਪਹਿਰ ਤੀਕ ਦਫਤਰ ਸ਼੍ਰੋਮਣੀ ਕਮੇਟੀ ਪੁੱਜ ਜਾਣੇ ਚਾਹੀਦੇ ਹਨ। ਵੱਧ ਤੋਂ ਵੱਧ ਡਿਸਕਾਊਂਟ ਨਾਲ ਸਾਰੀਆਂ ਸ਼ਰਤਾਂ ਦਾ ਲਾਗੂ ਹੋਣਾ ਲਾਜ਼ਮੀ ਹੋਵੇਗਾ। ਟੈਂਡਰ ਕੈਂਸਲ ਕਰਨ ਦੇ ਸਾਰੇ ਅਧਿਕਾਰ ਪ੍ਰਬੰਧਕਾਂ ਪਾਸ ਹੋਣਗੇ ਤੇ ਸ਼ਰਤਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਕਿਸੇ ਵੀ ਪੰਥਕ ਅਦਾਰੇ ਦੇ ਇਸ਼ਤਿਹਾਰਾਂ ਦਾ ਤਜ਼ਰਬਾ ਘੱਟ ਤੋਂ ਘੱਟ ਪੰਜ ਸਾਲ ਅਤੇ ਮਾਨਤਾ ਪ੍ਰਾਪਤ ਏਜੰਸੀ ਦਾ ਤਜ਼ਰਬਾ ਘੱਟ ਤੋਂ ਘੱਟ 10 ਸਾਲ ਹੋਣਾ ਲਾਜ਼ਮੀ ਹੋਵੇਗਾ। ਐਡਵਰਟਾਈਜ਼ਿੰਗ ਏਜੰਸੀ ਇਸ਼ਤਿਹਾਰ ਛਾਪਣ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੀਆਂ ਖ਼ਬਰਾਂ ਦੀ ਕਵਰੇਜ਼ ਅਖ਼ਬਾਰਾਂ ਵਿੱਚ ਕਰਨ ਤੇ ਟੀ.ਵੀ. ਚੈਨਲਾਂ ਵਿੱਚ ਟੈਲੀਕਾਸਟ ਕਰਨ ਲਈ ਵੀ ਜ਼ਿੰਮੇਵਾਰ ਹੋਵੇਗੀ। ਏਜੰਸੀ ਦਾ ਮੁੱਖ ਦਫਤਰ ਸ੍ਰੀ ਅੰਮ੍ਰਿਤਸਰ ਵਿੱਚ ਹੋਣਾ ਚਾਹੀਦਾ ਹੈ ਤਾਂ ਜੋ ਮੌਕੇ ਪੁਰ ਸਰਵਿਸ ਲੈਣੀ ਆਸਾਨ ਹੋਵੇ। ਸ਼ਰਤਾਂ ਮੌਕੇ ਪੁਰ ਦੱਸੀਆਂ ਜਾਣਗੀਆਂ।

ਸਹੀ/-

**ਮੁੱਖ ਸਕੱਤਰ,**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।